# ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਿਟੀ

(ਸੈਕਟਰ -62 ਪੁੱਡਾ ਭਵਨ, ਐਸ. ਏ. ਐਸ ਨਗਰ)

**(ਰੈਗੂਲੇਟਰੀ ਸ਼ਾਖਾ)**

## ਜਨਤਕ ਸੂਚਨਾ

ਮੈਸ: ਇਮਰਜਿੰਗ ਇੰਡੀਆ ਕੰਪਨੀ ਵੱਲੋਂ ਪਿੰਡ ਨੌਗਿਆਰੀ ਐਸ.ਏ.ਐਸ.ਨਗਰ ਵਿਖੇ ਇਮਰਜਿੰਗ ਵੈਲੀ ਨਾਂ ਦੀ ਅਣ-ਅਧਿਕਾਰਤ ਕਲੋਨੀ ਸਥਾਪਿਤ ਕੀਤੀ ਜਾ ਰਹੀ ਹੈ। ਇਸ ਕੰਪਨੀ ਵੱਲੋਂ ਆਪਣੇ ਪ੍ਰਾਜੈਕਟ ਵਿੱਚ ਅਣ-ਅਧਿਕਾਰਤ ਤੌਰ ਤੇ ਪਲਾਟਾਂ/ਫਲੈਟਾਂ ਦੀ ਸੇਲ ਕੀਤੀ ਜਾ ਰਹੀ ਹੈ। ਇਸ ਕੰਪਨੀ ਕੋਲ ਹਾਲ ਦੀ ਘੜੀ ਵਿੱਚ ਨਾ ਤਾਂ ਸਰਕਾਰ ਦੀ ਕੋਈ ਪ੍ਰਵਾਨਗੀ ਹੈ ਅਤੇ ਨਾ ਹੀ ਕਾਲੋਨੀ ਸਥਾਪਿਤ ਕਰਨ ਲਈ ਵੈਲਿਡ ਲਾਇਸੰਸ ਹੈ ਅਤੇ ਨਾ ਹੀ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਅਤੇ ਵੱਖ-2 ਵਿਭਾਗਾਂ ਵੱਲੋਂ ਲੋੜੀਂਦੇ ਐਨ.ਓ.ਸੀ. ਪ੍ਰਾਪਤ ਹਨ ਅਜਿਹੀ ਸੂਰਤ ਵਿੱਚ ਕੰਪਨੀ ਵੱਲੋਂ ਜੋ ਅਖਬਾਰਾਂ ਵਿੱਚ ਵਿਗਿਆਪਨ ਦੇ ਕੇ ਸੇਲ ਪ੍ਰਚੇਜ਼ ਦਾ ਕੰਮ ਕੀਤਾ ਜਾ ਰਿਹਾ ਹੈ, ਉਹ ਗੈਰ-ਕਾਨੂੰਨੀ ਅਤੇ ਪਾਪੜਾ ਐਕਟ ਦੀ ਉਲੰਘਣਾ ਹੈ ਜਿਸ ਕਾਰਨ ਬਿਲਡਿੰਗ ਨੂੰ ਯੋਗ ਪ੍ਰਵਾਨਗੀਆਂ/ਸ਼ਰਤਾ ਪੂਰੀਆਂ ਕਰਨ ਤੱਕ ਸੀਲ ਕਰ ਦਿੱਤਾ ਗਿਆ ਹੈ।

ਆਮ ਜਨਤਾ ਨੂੰ ਇਸ ਨੋਟਿਸ ਰਾਹੀਂ ਚਿਤਾਵਨੀ ਦਿੱਤੀ ਜਾਂਦੀ ਹੈ ਕਿ ਉਹ ਉਕਤ ਦਰਸਾਈ ਕੰਪਨੀ/ਪ੍ਰਾਜੈਕਟ ਵਿਚ ਕੋਈ ਵੀ ਪਲਾਟ/ਫਲੈਟ/ਕਮਰਸ਼ੀਅਲ ਸਾਈਟ ਆਦਿ ਨਾ ਖਰੀਣਣ ਅਤੇ ਨਾ ਹੀ ਬੁੱਕ ਕਰਨ ਜਦੋਂ ਤੱਕ ਕੰਪਨੀ ਲੋੜੀਂਦੇ ਐਨ.ਓ.ਸੀ. ਪ੍ਰਾਪਤ ਨਹੀਂ ਕਰ ਲੈਂਦੀ ਅਤੇ ਪੰਜਾਬ ਸਰਕਾਰ ਨਾਲ ਐਗਰੀਮੈਂਟ ਨਹੀਂ ਕਰ ਲੈਂਦੀ।ਜੇਕਰ ਫਿਰ ਵੀ ਕੋਈ ਵਿਅਕਤੀ ਇਸ ਕੰਪਨੀ ਨਾਲ ਸੇਲ ਪ੍ਰਚੇਜ਼ ਐਗਰੀਮੈਂਟ ਕਰਦਾ ਹੈ ਤਾਂ ਇਸ ਸਬੰਧੀ ਹੋਣ ਵਾਲੇ ਨੁਕਸਾਨ ਦੀ ਉਸ ਦੀ ਆਪਣੀ ਨਿੱਜੀ ਜ਼ਿੰਮੇਵਾਰੀ ਹੋਵੇਗੀ ਅਤੇ ਗਮਾਡਾ ਇਸ ਲਈ ਜ਼ੁੰਮੇਵਾਰ ਨਹੀਂ ਹੋਵੇਗਾ।

**ਸਮਰੱਥ ਅਧਿਕਾਰੀ ਵਧੀਕ ਮੁੱਖ ਪ੍ਰਸ਼ਾਸਕ,**
**ਗਮਾਡਾ, ਐਸ.ਏ.ਐਸ.ਨਗਰ।**